# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 01 ਫਰਵਰੀ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮਾਲਵਾ ਰਿਸਰਚ ਪਟਿਆਲਾ ਵੱਲੋਂ ਪੁਸਤਕਾਂ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਡਾ. ਭਗਵੰਤ ਸਿੰਘ

ਪਟਿਆਲਾ 1 ਫਰਵਰੀ : ਪੰਜਾਬ ਦੇ ਸਮਾਜਿਕ, ਸੱਭਿਆਚਾਰਕ, ਸਾਹਿਤਕ, ਰਾਜਨੀਤਿਕ, ਆਰਥਿਕ ਤੇ ਭਾਸ਼ਾਈ ਵਿਸ਼ਲੇਸ਼ਣ ਸਬੰਧ ਨਵੇਂ ਸੰਵਾਦ ਸਿਰਜਣ ਵਿੱਚ ਮੋਹਰੀ ਮਾਲਵਾ ਰਿਸਚਰ ਸੈਂਟਰ ਪਟਿਆਲਾ (ਰਜਿ.) ਵੱਲੋਂ ਵਧੀਆ ਪੁਸਤਕਾਂ ਦੇ ਵਿਮੋਚਨ ਦਾ ਕਾਰਜ ਵੀ ਬਾਖ਼ੂਬੀ ਕੀਤਾ ਜਾ ਰਿਹਾ ਹੈ। ਪੰਜਾਬੀ ਸਾਹਿਤ ਦੀ ਵਿਲੱਖਣ ਹਸਤਾਖਰ ਡਾ. ਤਰਲੋਚਨ ਕੌਰ ਦੀਆਂ ਪੁਸਤਕਾਂ "ਹਉਕੇ ਜੋ ਬਣ ਗਏ ਗੀਤ" ਅਤੇ ਗੁਰੂ ਨਾਨਕ ਬਾਣੀ ਅਤੇ ਧਰਮ, ਸੈਂਟਰ ਦੇ ਪ੍ਰਭਾਵਸ਼ਾਲੀ ਸਮਾਗਮ




ਵਿੱਚ ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਡਾ. ਤੇਜਵੰਤ ਮਾਨ, ਡਾ. ਸਵਰਾਜ ਸਿੰਘ, ਡਾ. ਹਰਕੇਸ਼ ਸਿੰਘ ਸਿੱਧੂ, ਭੁਪਿੰਦਰ ਸਿੰਘ ਮੱਲ੍ਹੀ, ਡਾ. ਈਸ਼ਵਰ ਦਾਸ ਸਿੰਘ ਮਹਾਂਮੰਡਲੇਸ਼ਵਰ ਤੇ ਡਾ. ਭਗਵੰਤ ਸਿੰਘ ਨੇ ਲੋਕ ਅਰਪਣ ਕੀਤੀ। ਇਸ ਸਮੇਂ ਪਵਨ ਹਰਚੰਦਪੁਰੀ, ਜਗਦੀਪ ਸਿੰਘ ਗੰਧਾਰਾ, ਡਾ. ਕੁਲਦੀਪ ਸਿੰਘ, ਪਦਮ ਸ੍ਰੀ ਪ੍ਰਾਣ ਸੰਭਰਵਾਲ, ਮੇਘ ਰਾਜ ਸ਼ਰਮਾ, ਬਲਵੀਰ ਸਿੰਘ ਬਿਲਿੰਗ, ਡਾ. ਗੁਰਿੰਦਰ ਕੌਰ, ਡਾ. ਜੁਗਰਾਜ ਸਿੰਘ, ਸ਼੍ਰੀ ਵਿਨੋਦ ਖੰਨਾ ਸਮੇਤ ਅਨੇਕਾਂ ਬੁੱਧੀਜੀਵੀ ਅਤੇ ਸਾਹਿਤਕਾਰ ਹਾਜਰ ਸਨ।

## ਪਾਕਿ ਕਵਿੱਤਰੀ ਬੁਸ਼ਰਾ ਐਜਾਜ਼ ਦੀ ਕਾਵਿ ਪੁਸਤਕ "ਮੈਂ ਪੂਣੀ ਕੱਤੀ ਰਾਤ ਦੀ" ਤੇ ਗੁਰਭਜਨ ਗਿੱਲ ਦੀ ਮੇਰੇ "ਪੰਜ ਦਰਿਆ"ਫ਼ਖ਼ਰ ਜ਼ਮਾਂ,ਦੀਪਕ ਮਨਮੋਹਨ , ਸਹਿਜਪ੍ਰੀਤ ਮਾਂਗਟ ਤੇ ਹੋਰ ਲੇਖਕਾਂ ਵੱਲੋਂ ਲਾਹੌਰ ਵਿੱਚ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 1 ਫਰਵਰੀ : ਲਾਹੌਰ ਪਾਕਿਸਤਾਨ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੇ ਆਖਰੀ ਦਿਨ ਪਾਕਿਸਤਾਨ ਵੱਸਦੀ ਉੱਘੀ ਪੰਜਾਬੀ ਤੇ ਉਰਦੂ ਕਵਿੱਤਰੀ ਤੇ ਕਹਾਣੀਕਾਰ ਬੁਸ਼ਰਾ ਐਜਾਜ਼ ਦੀ ਕਾਵਿ ਪੁਸਤਕ "ਮੈਂ ਪੂਣੀ ਕੱਤੀ ਰਾਤ ਦੀ" ਦੇ ਗੁਰਮੁਖੀ ਐਡੀਸ਼ਨ ਤੇ ਗੁਰਭਜਨ ਗਿੱਲ ਦੇ ਗੀਤ ਸੰਗ੍ਰਹਿ "ਮੇਰੇ ਪੰਜ ਦਰਿਆ"ਨੂੰ ਲਾਹੌਰ ਵਿੱਚ ਪਿਛਲੇ ਦਿਨੀਂ ਫ਼ਖ਼ਰ ਜ਼ਮਾਂ,ਡਾ. ਦੀਪਕ ਮਨਮੋਹਨ ਸਿੰਘ,ਸਹਿਜਪ੍ਰੀਤ ਸਿੰਘ ਮਾਂਗਟ ਤੇ ਹੋਰ ਲੇਖਕਾਂ ਨੇ ਲੋਕ ਅਰਪਨ ਕੀਤਾ। ਬੁਸ਼ਰਾ ਐਜਾਜ਼ ਦੀ ਕਾਵਿ ਪੁਸਤਕ ਨੂੰ ਚੇਤਨਾ ਪ੍ਰਕਾਸ਼ਨ ਪੰਜਾਬੀ ਭਵਨ ਲੁਧਿਆਣਾ ਦੇ ਸੰਚਾਲਕ ਸਤੀਸ਼ ਗੁਲਾਟੀ ਨੇ ਸ. ਗੁਰਦੇਵ ਸਿੰਘ ਪੰਧੇਰ ਜੀ ਪਾਸੋਂ ਲਿਪੀਅੰਤਰਣ ਕਰਕੇ ਛਾਪਿਆ ਹੈ ਜਦ ਕਿ ਪ੍ਰੋ. ਗੁਰਭਜਨ ਸਿੰਘ ਦੇ ਦੋਹਾਂ ਗੀਤ ਸੰਗ੍ਰਹਿਆਂ 'ਫੁੱਲਾਂ ਦੀ ਝਾਂਜਰ' ਤੇ 'ਪਿੱਪਲ ਪੱਤੀਆਂ' ਨੂੰ ਇੱਕ ਜਿਲਦ ਵਿੱਚ ਸ਼ਾਹਮੁਖੀ ਲਿਪੀ ਵਿੱਚ ਮੇਰੇ ਪੰਜ ਦਰਿਆ ਨਾਮ ਹੇਠ ਪ੍ਰਕਾਸ਼ਿਤ ਕਰਕੇ ਲੋਕ ਅਰਪਣ ਕੀਤਾ ਜਿਸਦਾ ਸ਼ਾਹਮੁਖੀ ਲਿਪੀਅੰਤਰਣ ਮੁਹੰਮਦ ਆਸਿਫ਼ ਰਜ਼ਾ ਨੇ ਕੀਤਾ ਹੈ।

ਪਾਕਿਸਤਾਨ ਦੀ ਪੰਜਾਬੀ ਸ਼ਾਇਰਾ ਬੁਸ਼ਰਾ ਐਜਾਜ਼ ਬਾਰੇ ਜਾਣਕਾਰੀ ਦੇਂਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਬੁਸ਼ਰਾ ਐਜਾਜ਼ ਕਵਿਤਾ ਲਿਖਣ ਤੋਂ ਇਲਾਵਾ ਵੱਖ ਵੱਖ ਮਸਲਿਆਂ ਤੇ ਅਖ਼ਬਾਰੀ ਕਾਲਮ ਵੀ ਲਿਖਦੀ ਹੈ।ਬੁਸ਼ਰਾ ਐਜਾਜ਼ ਦੀ ਪਹਿਲੀ ਲਿਖਤ ਸਫ਼ਰਨਾਮਾ ਰੂਪ ਵਿੱਚ 1987 ਵਿੱਚ ਅਰਜ਼ ਏ ਹਾਲ ਨਾਮ ਹੇਠ ਬੁਸ਼ਰਾ ਐਜਾਜ਼ ਪਬਲੀਕੇਸ਼ਨ ਵੱਲੋਂ ਛਪੀ ਸੀ। ਇਸ ਦਾ ਦੂਜਾ ਐਡੀਸ਼ਨ ਪ੍ਰਸਿੱਧ ਪ੍ਰਕਾਸ਼ਨ ਅਦਾਰੇ "ਸੰਗ ਏ ਮੀਲ" ਲਾਹੌਰ ਨੇ 1995ਵਿੱਚ ਛਾਪਿਆ। ਕਹਾਣੀ ਸੰਗ੍ਰਹਿ ਬਾਰਾਂ ਆਨੇ ਕੀ ਔਰਤ ਸੰਗ ਏ ਮੀਲ ਵੱਲੋਂ 1994 ਵਿੱਚ ਪ੍ਰਕਾਸ਼ਿਤ ਹੋ ਚੁਕਾ ਸੀ। ਸਾਲ 2000 ਵਿੱਚ ਉਸ ਦਾ ਸਫ਼ਰਨਾਮਾ "ਆਂਖੇਂ ਦੇਖਤੀ ਰਹਿਤੀ ਹੈ" ਅਲ ਹਮਦ ਪਬਲੀਕੇਸ਼ਨ ਲਾਹੌਰ ਨੇ ਛਾਪਿਆ ਜਦ ਕਿ ਜੀਵਨੀ "ਰਾਹ ਨਵਾਰਦ ਏ ਸ਼ੌਕ" ਸਾਰੰਗ ਪਬਲੀਕੇਸ਼ਨ ਲਾਹੌਰ ਨੇ ਛਾਪੀ। ਕਹਾਣੀਆਂ ਦੀ ਕਿਤਾਬ "ਆਜ ਕੀ ਸ਼ਹਿਰਜ਼ਾਦ" ਅਲ ਹਮਦ ਪਬਲੀਕੇਸ਼ਨ ਲਾਹੌਰ ਨੇ 2005ਵਿੱਚ ਛਾਪੀ।

ਬੁਸ਼ਰਾ ਐਜਾਜ਼ ਦੀ ਪੰਜਾਬੀ ਵਿੱਚ ਪਹਿਲੀ ਕਿਤਾਬ "ਪੱਬਾਂ ਭਾਰ" ਸ਼ਾਹਮੁਖੀ ਵਿੱਚ "ਸੰਗ ਏ ਮੀਲ " ਲਾਹੌਰ ਨੇ 1994 ਵਿੱਚ ਛਾਪੀ ਅਤੇ ਗੁਰਮੁਖੀ ਵਿੱਚ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ 2005 ਵਿੱਚ ਛਾਪੀ। ਕਾਵਿ ਸੰਗ੍ਰਹਿ "ਭੁਲੇਖਾ" ਅਲ ਹਮਦ ਪਬਲੀਕੇਸ਼ਨ ਲਾਹੌਰ ਨੇ 1994 ਵਿੱਚ ਅਤੇ ਲੋਕਗੀਤ ਪ੍ਰਕਾਸ਼ਨ ਨੇ 2005 ਵਿੱਚ ਗੁਰਮੁਖੀ ਵਿੱਚ ਪ੍ਰਕਾਸ਼ਿਤ ਕੀਤੀ। ਉਸ ਦਾ ਇੱਕ ਕਾਵਿ ਸੰਗ੍ਰਹਿ "ਖ਼੍ਵਾਬ ਤੋਂ ਜ਼ਰਾ ਪਹਿਲਾਂ" ਡਾ. ਮੁਹੰਮਦ ਇਦਰੀਸ ਨੇ ਲਿਪੀਅੰਤਰ ਕਰਕੇ ਲੋਕਗੀਤ ਪ੍ਰਕਾਸ਼ਨ ਤੋਂ ਛਪਵਾਇਆ।

ਵਿਸ਼ਵ ਪੰਜਾਬੀ ਕਾਂਗਰਸ ਦੇ ਚੀਫ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ ਨੇ ਕਿਹਾ ਕਿ ਸਾਲ 2022 ਵਿੱਚ ਲਾਹੌਰ ਵਿਖੇ ਹੀ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਉਸ ਦੀ ਇਹ ਕਾਵਿ ਪੁਸਤਕ "ਮੈਂ ਪੂਣੀ ਕੱਤੀ ਰਾਤ ਦੀ" (ਸ਼ਾਹਮੁਖੀ ਅੱਖਰਾਂ ਵਿੱਚ)ਵੀ ਜਨਾਬ ਫ਼ਖ਼ਰ ਜ਼ਮਾਂ, ਡਾ. ਦੀਪਕ ਮਨਮੋਹਨ ਸਿੰਘ ਅਤੇ ਇਨ੍ਹਾਂ ਸਤਰਾਂ ਦੇ ਲੇਖਕ ਨੇ ਲੋਕ ਅਰਪਨ ਕੀਤੀ ਸੀ। ਹੁਣ ਇਸ ਕਾਵਿ ਕਿਤਾਬ ਨੂੰ ਸਾਲ 2025 ਵਿੱਚ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਸ. ਗੁਰਦੇਵ ਸਿੰਘ ਪੰਧੇਰ ਪਾਸੋਂ ਗੁਰਮੁਖੀ ਵਿੱਚ ਲਿਪੀਅੰਤਰ ਕਰਕੇ ਛਾਪਿਆ ਜਾਣਾ ਮਾਣ ਦੀ ਗੱਲ ਹੈ। ਹੈ। ਉਨ੍ਹਾਂ ਦੱਸਿਆ ਕਿ ਇਸ ਕਾਨਫਰੰਸ ਵਿੱਚ ਅੱਠ ਕਿਤਾਬਾਂ ਸਹਿਜ ਮਤੀਆਂ (ਕਵਿਤਾ)

ਲੇਖਕਃ ਸਹਿਜਪ੍ਰੀਤ ਸਿੰਘ ਮਾਂਗਟ

ਦਿਲ ਦਰਵਾਜ਼ੇ(ਗ਼ਜ਼ਲਾਂ)ਲੇਖਕਃ ਤ੍ਰੈਲੋਚਨ ਲੋਚੀ,ਮੇਰੇ ਪੰਜ ਦਰਿਆ(ਗੀਤ) ਲੇਖਕਃ ਗੁਰਭਜਨ ਗਿੱਲ,ਪੰਜ ਆਬ ਦੇ ਸ਼ਾਹ ਅਸਵਾਰ(ਦੋਹਾਂ ਪੰਜਾਬਾਂ ਦੇ ਖਿਡਾਰੀਆਂ ਦੇ ਰੇਖਾ ਚਿਤਰ) ਲੇਖਕਃ ਨਵਦੀਪ ਸਿੰਘ ਗਿੱਲ,ਸਾਹਿੱਤ ਸੰਜੀਵਨੀ(ਵਾਰਤਕ)ਲੇਖਕਃ ਜੰਗ ਬਹਾਦਰ ਗੋਇਲ,ਬਾਤਾਂ ਵਾਘਿਉਂ ਪਾਰ ਦੀਆਂ(ਸਫ਼ਰਨਾਮਾ) ਲੇਖਕਃ ਸਤਨਾਮ ਸਿੰਘ ਮਾਣਕ,ਲੁਕੀ ਹੋਈ ਅੱਖ( ਕਵਿਤਾਵਾਂ) ਲੇਖਕਃ ਸਰਬਜੀਤ ਜੱਸਤੇ ਮੈਂ ਚਸ਼ਮਦੀਦ (ਕਵਿਤਾਵਾਂ)

ਲੇਖਕਃ ਹਰਮੀਤ ਵਿਦਿਆਰਥੀਗੁਰਮੁਖੀ ਤੋਂ ਸ਼ਾਹਮੁਖੀ ਵਿੱਚ ਲੋਕ ਅਰਪਣ ਕੀਤੀਆਂ ਗਈਆਂ ਹਨ।

ਪੁਸਤਕਾਂ ਲੋਕ ਅਰਪਣ ਵੇਲੇ ਪਾਕਿਸਤਾਨ ਦੀ ਪ੍ਰਸਿੱਧ ਕਵਿੱਤਰੀ ਤਾਹਿਰਾ ਸਰਾ, ਸਹਿਜਪ੍ਰੀਤ ਸਿੰਘ ਮਾਂਗਟ, ਜਸਵਿੰਦਰ ਕੌਰ ਗਿੱਲ, ਨਵਦੀਪ ਸਿੰਘ ਗਿੱਲ ਤੇ ਕੁਝ ਹੋਰ ਲੇਖਕ ਹਾਜ਼ਰ ਸਨ

## ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਲੋਂ ਮਨਾਇਆ ਗਿਆ 'ਬਸੰਤ ਪੰਚਮੀ' ਦਾ ਤਿਉਹਾਰ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 1 ਫਰਵਰੀ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਹਰੀ ਨੌਂ ਵਿਖੇ ਬਸੰਚ ਪੰਚਮੀ ਦਾ ਤਿਉਹਾਰ ਮਨਾਇਆ ਗਿਆ। ਜਿਸ ਦੇ ਸਬੰਧ ਵਿੱਚ ਸਕੂਲ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ। ਐਲ.ਕੇ.ਜੀ. ਦੇ ਤਿੰਨ ਵਿਦਿਆਰਥੀਆਂ ਸਾਹਿਲ, ਅਵਨੀਤ ਅਤੇ ਜਗਮੀਤ ਸਿੰਘ ਵੱਲੋਂ ਬਸੰਤ ਪੰਚਮੀ ਦੇ ਤਿਉਹਾਰ ਤੇ ਕਵਿਤਾ ਦਾ ਉਚਾਰਨ ਕੀਤਾ ਗਿਆ। ਚੌਥੀ ਕਲਾਸ ਦੇ ਬੱਚਿਆਂ ਵੱਲੋਂ ਡਾਂਸ ਪੇਸ਼ ਕੀਤਾ ਗਿਆ। ਯੂ.ਕੇ.ਜੀ. ਦੇ ਵਿਦਿਆਰਥੀਆਂ ਅਗਮ ਸਿੱਧੂ, ਸਾਹਿਬਜੀਤ ਅਤੇ ਉਂਕਾਰ ਸਿੰਘ ਵੱਲੋਂ ਬਸੰਤ ਰੁੱਤ ਦੇ ਸਬੰਧ ਵਿੱਚ ਦੱਸਿਆ ਗਿਆ। ਇਸ ਤੋਂ ਬਾਅਦ ਵਿਦਿਆਰਥੀਆਂ ਵਿੱਚ ਅਖਬਾਰ ਨਾਲ ਪਤੰਗ ਬਣਾਉਣ ਦਾ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਦੂਜੀ ਕਲਾਸ ਦੇ ਵਿਦਿਆਰਥੀ ਅੰਸ਼ਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਿਲ ਕੀਤਾ। ਸਕੂਲ ਦੇ ਵਿਦਿਆਰਥੀਆਂ ਵੱਲੋਂ ਸਕੂਲ ਵਿੱਚ ਪਤੰਗ ਉਡਾ ਕੇ ਬਸੰਚ ਪੰਚਮੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਅਤੇ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਤਿਉਹਾਰ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆ ਬਸੰਚ ਪੰਚਮੀ ਦੀ ਮਹੱਤਤਾ ਤੋਂ ਜਾਣੂ ਕਰਵਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਅਤੇ ਸਮੂਹ ਸਕੂਲ ਸਟਾਫ਼ ਹਾਜਿਰ ਸਨ।

## ਬੀਐਸਐਨਐਲ ਐਸੋਸੀਏਸ਼ਨ ਵੱਲੋਂ ਚਾਇਨਾ ਡੋਰ ਦੀ ਵਰਤੋਂ ਤੇ ਵਿਕਰੀ ਤੇ ਸਖ਼ਤ ਕਾਰਵਾਈ ਦੀ ਮੰਗ

### ਤਰਕਸ਼ੀਲ ਕੈਲੰਡਰ -25 ਵੰਡਿਆ ਗਿਆ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰ ਪਾਲ



ਸੰਗਰੂਰ 1 ਫਰਵਰੀ : ਬੀਐਸਐਨਐਲ ਪੈਨਸ਼ਨਰ ਐਸੋਸੀਏਸ਼ਨ ਸੰਗਰੂਰ ਦੀ ਮਹੀਨਾਵਾਰ ਮੀਟਿੰਗ ਦਾ ਆਯੋਜਨ ਸਥਾਨਕ ਸ਼੍ਰੀ ਨੈਣਾ ਦੇਵੀ ਮੰਦਿਰ ਦੀ ਧਰਮਸ਼ਾਲਾ ਵਿਖੇ ਕੀਤਾ ਗਿਆ।

ਮੀਟਿੰਗ ਦੀ ਸ਼ੁਰੂਆਤ ਸ਼੍ਰੀ ਬਲਵੰਤ ਕਿਸ਼ੋਰ ਦੇ ਸਤਿਕਾਰਤ ਪਿਤਾ ਦੇ ਸਦੀਵੀ ਵਿਛੋੜੇ ਅਤੇ ਮਹਾਂਕੁੰਭ ਦੇ ਅਸਥਾਨ ਤੇ ਮਚੀ ਭਗਦੜ ਦੌਰਾਨ ਸਦਾ ਲਈ ਵਿਛੜੇ ਵਿਅਕਤੀਆਂ ਨੂੰ ਇਕ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜ਼ਲੀ ਦਿੱਤੀ ਗਈ।



ਸਾਧਾ ਸਿੰਘ ਵਿਰਕ ਨੇ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਬਾਬਾ ਸਾਹਿਬ ਡਾਕਟਰ ਬੀਆਰ ਅੰਬੇਦਕਰ ਦੇ ਬੁੱਤ ਨੂੰ ਤੋੜਨ ਦੀ ਕੀਤੀ ਗਈ ਸ਼ਰਮਨਾਕ ਕਰਤੂਤ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਇਸ ਮਹੀਨੇਂ ਸ਼੍ਰੀ ਗੁਰੂ ਗੋਬਿੰਦ ਸਿੰਘ ਦਾ ਜਨਮ ਦਿਨ ਹੋਣ ਕਾਰਨ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ।

ਇਸ ਮੌਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਹਾਜ਼ਰੀਨ ਨੂੰ ਆਪਣੇ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਭਾਵਪੂਰਤ ਸੁਨੇਹਾ ਦਿਤਾ, ਰਹੱਸਮਈ ਜਾਪਦੀਆਂ ਘਟਨਾਵਾਂ ਦਾ ਪਰਦਾਫਾਸ਼ ਕਰਵਾਉਣ ਲਈ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨਾਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ। ਇਕਾਈ ਮੁਖੀ ਸੁਰਿੰਦਰ ਪਾਲ ਨੇ ਵੀ ਲੋਕਾਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਦੇ ਹਨੇਰੇ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਤੇ ਤਰਕਸ਼ੀਲ ਲਹਿਰ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ।ਇਸ ਮੌਕੇ ਤਰਕਸ਼ੀਲ ਸੁਸਾਇਟੀ ਦੇ ਨੁਮਾਇੰਦਿਆਂ ਵੱਲੋਂ 80 ਦੇ ਲਗਭਗ ਤਰਕਸ਼ੀਲ ਕੈਲੰਡਰ -25 ਵੀ ਵੰਡਿਆ ਗਿਆ। ਤਰਕਸ਼ੀਲ ਚੇਤਨਾ ਪਰਖ਼ ਪ੍ਰੀਖਿਆ ਵਿੱਚ ਸਹਿਯੋਗ ਦੇਣ ਲਈ ਅਸ਼ਵਨੀ ਕੁਮਾਰ ਲਹਿਰਾਗਾਗਾ ਦਾ ਸਨਮਾਨ ਪੱਤਰ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਚਾਈਨਾ ਡੋਰ ਦੀ ਵਰਤੋਂ ਅਤੇ ਵਿੱਕਰੀ ਤੇ ਰੋਕ ਲਾਉਣ ਲਈ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ। ਬੀਐਸਐਨਐਲ ਮਨੇਜਮੈਂਟ ਵੱਲੋਂ ਤੀਜੀ ਪੇ ਰਵੀਜ਼ਨ ਲਈ ਲਗਾਤਾਰ ਟਾਲ ਮਟੋਲ ਦੀ ਨੀਤੀ ਦੀ,

ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਆਪ੍ਰੇਸ਼ਨ ਥੀਏਟਰ ਵਿੱਚ ਲਗਾਤਾਰ ਬਿਜਲੀ ਫੇਲ ਹੋਣ ਦੇ ਮਾਮਲਿਆਂ ਦੀ ਵਧ ਰਹੀ ਗਿਣਤੀ ਲਈ ਤੇ

ਪੰਜਾਬ ਵਿੱਚ ਈਟੀਟੀ ਟੀਚਰਾਂ ਦੇ ਦੋ ਸਾਲ ਤੋਂ ਭਰਤੀ ਹੋਣ ਦੇ ਬਾਵਜੂਦ ਅਜੇ ਤਕ ਡਿਊਟੀਆਂ ਤੇ ਨਾ ਲਾਉਣ ਲਈ ਪੰਜਾਬ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

ਇਸ ਮੌਕੇ ਸ਼੍ਰੀ ਬਲਦੇਵ ਸਿੰਘ ਠੁੱਲੀਵਾਲ ਨੇ ਧਰਮ ਅਤੇ ਨੈਤਿਕਤਾ ਸਬੰਧੀ ਪ੍ਰਭਾਵਸ਼ਾਲੀ ਤਕਰੀਰ ਕੀਤੀ। ਪੀ ਕੇ ਗਰਗ ਨੇ ਜੀਵਨਸ਼ੈਲੀ ਅਤੇ ਮਾਨਸਿਕ ਤੰਦਰੁਸਤੀ ਲਈ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।

ਸ਼੍ਰੀ ਸ਼ਿਵ ਨਰਾਇਣ ਨੇ ਨੋਸ਼ਨਲ ਇੰਕਰੀਮੈਂਟ ਸਬੰਧੀ ਤਾਜ਼ਾ ਅਦਾਲਤੀ ਫ਼ੈਸਲਿਆਂ ਸਬੰਧੀ ਜਾਣਕਾਰੀ ਦਿੱਤੀ ਅਤੇ ਅਗਲੀ ਮੀਟਿੰਗ ਵਿੱਚ ਪ੍ਰਭਾਵਿਤ ਪੈਨਸ਼ਨਰਾਂ ਵੱਲੋਂ ਸਾਂਝੇ ਤੌਰ ਤੇ ਕੇਸ ਤਿਆਰ ਕਰਨ ਦਾ ਪ੍ਰਸਤਾਵ ਪੇਸ਼ ਕੀਤਾ।

ਲੋਕ ਗਾਇਕ ਸ਼੍ਰੀ ਬਹਾਦਰ ਸਿੰਘ ਮਲੇਰਕੋਟਲਾ ਨੇ ਆਪਣੀ ਗਾਇਕੀ ਨਾਲ ਖ਼ੂਬ ਰੰਗ ਬੰਨ੍ਹਿਆ।

ਸ਼੍ਰੀ ਮਹੇਸ਼ ਕੁਮਾਰ ਨੂੰ ਉਨ੍ਹਾਂ ਦੇ ਪੋਤੇ ਦੇ ਜਨਮ ਤੇ ਵਧਾਈਆਂ ਭੇਜੀਆਂ ਗਈਆਂ ਅਤੇ ਇਸ ਮਹੀਨੇ ਜਨਮ ਦਿਨ ਅਤੇ ਵਿਆਹ ਵਰ੍ਹੇ ਗੰਢ ਵਾਲੇ ਪੈਨਸ਼ਨਰਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ।

ਵੀ ਕੇ ਮਿੱਤਲ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਸ਼੍ਰੀ ਨੈਣਾ ਦੇਵੀ ਧਰਮਸ਼ਾਲਾ ਦੀ ਮਨੇਜਮੈਂਟ ਨਾਲ ਤਾਲਮੇਲ ਕਰਕੇ ਭਵਿੱਖ ਦੀਆਂ ਮੀਟਿੰਗਾਂ ਲਈ ਮੀਟਿੰਗ ਹਾਲ ਦੀ ਪਰਵਾਨਗੀ ਦਿੱਤੀ ।

ਸ਼੍ਰੀ ਸੁਖਦੇਵ ਸਿੰਘ ਵਾਈਸ ਪ੍ਰੈਜ਼ੀਡੈਂਟ ਹਿਊਮਨ ਰਾਇਟਸ, ਸ਼੍ਰੀ ਨਵਨੀਤ ਕੁਮਾਰ ਬਰਨਾਲ਼ਾ,ਸ੍ਰੀ ਬਲਦੇਵ ਸਿੰਘ ਸੰਗਰੂਰ ਅਤੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਅਤੇ ਸ਼੍ਰੀ ਮਾਂਗੇ ਰਾਮ ਸੁਨਾਮ ਦੀ ਸੀ ਜੀ ਐਚ ਐਸ ਕਾਰਡ ਅਪਲਾਈ ਕਰਨ ਵਿੱਚ ਯੋਗਦਾਨ ਬਦਲੇ ਵਿਸ਼ੇਸ ਤੌਰ ਤੇ ਸ਼ਲਾਘਾ ਕੀਤੀ ਗਈ।

— ਅੰਤ ਵਿੱਚ ਸ਼੍ਰੀ ਅਸ਼ਵਨੀ ਕੁਮਾਰ ਨੇ ਦੂਰ ਦੁਰਾਡੇ ਤੋਂ ਆਏ ਸਾਰੇ ਪੈਨਸ਼ਨਰ ਸਾਥੀਆਂ ਦਾ ਧੰਨਵਾਦ ਕੀਤਾ ।

ਮੰਚ ਸੰਚਾਲਨ ਸ਼੍ਰੀ ਸਾਧਾ ਸਿੰਘ ਵਿਰਕ ਵੱਲੋਂ ਕੀਤਾ ਗਿਆ। ਮੀਟਿੰਗ ਬਹੁਤ ਹੀ ਸਫਲ ਰਹੀ।

## ਪ੍ਰੈੱਸ ਕਲੱਬ ਬਠਿੰਡਾ ਦਿਹਾਤੀ ਵੱਲੋਂ ਜੱਸੀ ਬਾਗਵਲੀ ਵਿਖੇ ਲਗਾਇਆ ਗਿਆ ਅੱਖਾਂ ਦਾ 20ਵਾਂ ਮੁਫਤ ਜਾਂਚ ਕੈਂਪ

### 140 ਮਰੀਜ਼ਾਂ ਦੀ ਕੀਤੀ ਗਈ ਜਾਂਚ ,26 ਮਰੀਜ਼ਾਂ ਦੀ ਕੀਤੀ ਗਈ ਆਪਰੇਸ਼ਨ ਦੇ ਲਈ ਚੋਣ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ




ਸੰਗਤ, 1 ਫਰਵਰੀ : ਸਮਾਜ ਦੇ ਲੋਕਾਂ ਨਾਲ ਚੱਟਾਨ ਵਾਂਗ ਖੜ੍ਹਾ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਸਮਾਜ ਭਲਾਈ ਦੇ ਕੰਮਾਂ ਵਿੱਚ ਵੀ ਲੰਬੀਆ ਪੁਲਾਂਘਾਂ ਪੁੱਟ ਰਿਹਾ ਹੈ। ਬਿਨਾਂ ਕਿਸੇ ਤਰ੍ਹਾਂ ਦਾ ਸਵਾਰਥ ਚਿਤਵਦਿਆ ਗਰੀਬ ਲੜਕੀਆਂ ਦੀ ਸ਼ਾਦੀ ਵਿੱਚ ਜਥਾ ਸੰਭਵ ਮਦਦ ਕਰਨਾ, ਵੱਧ ਤੋਂ ਵੱਧ ਪੇੜ ਪੌਦੇ ਲਗਾ ਕੇ ਉਹਨਾਂ ਦੀ ਸੰਭਾਲ ਕਰਨਾ, ਸਮੇਂ ਸਮੇਂ ਮੁਫਤ ਮੈਡੀਕਲ ਕੈਂਪਾਂ ਦਾ ਆਯੋਜਨ ਕਰਨਾ ਆਦਿ ਅਜਿਹੇ ਲੋਕ ਭਲਾਈ ਕਾਰਜ ਹਨ ਜਿਨਾਂ ਤੋਂ ਕਲੱਬ ਨਾਲ ਜੁੜੇ ਸਮੂਹ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨਾਂ ਦੀ ਨਿੱਗਰ ਸੋਚ ਦਾ ਪ੍ਰਗਟਾਵਾ ਹੁੰਦਾ ਹੈ । ਆਪਣੀ ਐਸੀ ਹੀ ਸੋਚ ਨੂੰ ਅੱਗੇ ਤੋਰਦਿਆਂ ਮਿਤੀ 30 ਜਨਵਰੀ 2025 ਨੂੰ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਵੱਲੋਂ ਅੱਖਾਂ ਦਾ 20 ਵਾਂ ਮੁਫਤ ਜਾਂਚ ਕੈਂਪ ਜਿਲਾ ਬਠਿੰਡਾ ਦੇ ਪਿੰਡ ਜੱਸੀ ਬਾਗਵਾਲੀ ਵਿਖੇ ਲਗਾਇਆ ਗਿਆ। ਜ਼ਿਕਰਯੋਗ ਹੈ ਕਿ ਕਲੱਬ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਅਤੇ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਵਿੱਚ ਕਲੱਬ ਪ੍ਰਧਾਨ ਡਾਕਟਰ ਗੁਰਜੀਤ ਚੌਹਾਨ ਨੇ ਆਪਣੀਆਂ ਵਿਸ਼ੇਸ਼ ਸੇਵਾਵਾਂ ਪ੍ਰਦਾਨ ਕੀਤੀਆਂ। ਪ੍ਰਾਚੀਨ ਅਤੇ ਪ੍ਰਸਿੱਧ ਕਾਲੀ ਮਾਤਾ ਮੰਦਿਰ ਜੱਸੀ ਬਾਗਵਾਲ਼ੀ ਵਿਖੇ ਲੱਗੇ ਇਸ ਕੈਂਪ ਵਿਚ ਪਿੰਡ ਵਾਸੀਆਂ ਨੇ ਵੱਧ ਚੜ ਕੇ ਇਸ ਕੈਂਪ ਦਾ ਫਾਇਦਾ ਲਿਆ, ਇਸ ਕੈਂਪ ਵਿੱਚ 140 ਦੇ ਕਰੀਬ ਮਰੀਜ਼ਾਂ ਦੀ ਮੁਫਤ ਜਾਂਚ ਕਰਨ ਦੇ ਨਾਲ ਉਹਨਾਂ ਨੂੰ ਬਿਲਕੁਲ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਆਪਰੇਸ਼ਨ ਲਈ ਚੁਣੇ ਗਏ 26 ਮਰੀਜ਼ਾਂ ਦੇ ਅਉਂਦੇ ਦਿਨਾਂ ਵਿੱਚ ਪ੍ਰੈੱਸ ਕਲੱਬ ਵੱਲੋਂ ਮੁਫਤ ਆਪਰੇਸ਼ਨ ਵੀ ਕਰਵਾਏ ਜਾਣਗੇ।

ਹਰ ਵਾਰ ਦੀ ਤਰ੍ਹਾਂ ਇਸ ਕੈਂਪ ਵਿੱਚ ਵੀ ਸੇਵਾ ਭਾਵਨਾ ਨਾਲ ਆਪਣੀਆਂ ਸੇਵਾਵਾਂ ਦੇਣ ਪਹੁੰਚੇ ਅੱਖਾਂ ਦੇ ਮਸ਼ਹੂਰ ਡਾਕਟਰ ਹਰਜੀਤ ਸਿੰਘ ਨੇ ਆਪਣੇ ਸਹਿਯੋਗੀ ਲਵਪ੍ਰੀਤ ਸਿੰਘ ਨਾਲ਼ ਮਰੀਜ਼ਾਂ ਨੂੰ ਬੜੇ ਪਿਆਰ ਨਾਲ ਚੈੱਕ ਕੀਤਾ ਅਤੇ ਅੱਖਾਂ ਦੀ ਸੰਭਾਲ ਲਈ ਵਿਸ਼ੇਸ਼ ਨੁਕਤੇ ਵੀ ਦੱਸੇ। ਕੈਂਪ ਦੀ ਸਮਾਪਤੀ ਤੇ ਪੱਤਰਕਾਰ ਵਾਰਤਾ ਕਰਦਿਆਂ ਡਾਕਟਰ ਹਰਜੀਤ ਸਿੰਘ ਨੇ ਦੱਸਿਆ ਕਿ ਇਸ ਪਿੰਡ ਵਿੱਚ ਜਿਸ ਤਰ੍ਹਾਂ 140 ਮਰੀਜ਼ਾਂ ਦੀ ਜਾਂਚ ਮਗਰ 26 ਮਰੀਜ਼ ਆਪਰੇਸ਼ਨ ਲਈ ਚੁਣੇ ਗਏ ਹਨ ਇਸ ਤੋਂ ਜਾਪਦਾ ਹੈ ਕਿ ਇਹ ਪਿੰਡ ਸਿਹਤ ਸਹੂਲਤਾਂ ਤੋਂ ਕਾਫੀ ਸੱਖਣਾ ਹੈ ਜਿਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।ਇਸ ਮੌਕੇ ਪ੍ਰੈਸ ਕਲੱਬ ਬਠਿੰਡਾ ਦਿਹਾਤੀ ਦੇ ਸਰਪ੍ਰਸਤ ਸ੍ਰ. ਜਸਕਰਨ ਸਿੰਘ ਸਿਵੀਆਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਚਹਿਲ, ਸੀਨੀਅਰ ਪੱਤਰਕਾਰ ਸੱਤਪਾਲ ਮਾਨ, ਪੱਤਰਕਾਰ ਚਰਨਜੀਤ ਮਛਾਣਾ, ਪੰਚਾਇਤ ਮੈਂਬਰ ਸਹਿਬਾਨ ਹੌਲਦਾਰ ਸਿੰਘ, ਪਰਮਜੀਤ ਕੌਰ, ਜਸਵਿੰਦਰ ਸਿੰਘ (ਤਿੰਨੋਂ ਪੰਚ) , ਮੰਦਰ ਕਮੇਟੀ ਦੇ ਮੈਨੇਜਰ ਕ੍ਰਿਸ਼ਨ ਕੁਮਾਰ ਅਤੇ ਤਰਸੇਮ ਕੁਮਾਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਪਿੰਡ ਜੱਸੀ ਬਾਗ ਵਾਲੀ ਦੀ ਸਰਪੰਚ ਸੁਖਜੀਤ ਕੌਰ ਦੇ ਪਤੀ ਅਤੇ ਭਾਈ ਘਨਈਆ ਕਲੱਬ ਦੇ ਪ੍ਰਧਾਨ ਮਲਕੀਤ ਸਿੰਘ ਭਾਵੇਂ ਆਪਣੇ ਰੁਝੇਵਿਆਂ ਕਾਰਨ ਇਸ ਕੈਂਪ ਵਿੱਚ ਕਾਫੀ ਲੇਟ ਪਹੁੰਚੇ ਪਰ ਇਸ ਕੈਂਪ ਵਿੱਚ ਉਹਨਾਂ ਨੇ ਵੀ ਆਪਣਾ ਵਿਸ਼ੇਸ਼ ਸਹਿਯੋਗ ਦਿੱਤਾ।